# ਦਲਬੀਰ ਚੇਤਨ ਦਾ ਖਾਰਾ ਬੱਦਲ : ਗਲਪ ਦੀ ਵਾਸਤਵਿਕਤਾ

ਜਗਬੀਰ ਸਿੰਘ*

ਦਲਬੀਰ ਚੇਤਨ ਪੰਜਾਬੀ ਦੇ ਉਨ੍ਹਾਂ ਸਮਰੱਥਾਵਾਨ ਕਹਾਣੀਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਵਿਲੱਖਣ ਭਾਂਤ ਦੀ ਗਲਪ-ਚੇਤਨਾ ਰਾਹੀਂ ਆਪਣੀ ਨਿਵੇਕਲੀ ਪਛਾਣ ਬਣਾਉਣ ਦਾ ਉਪਰਾਲਾ ਕੀਤਾ ਹੈ। ਖਾਰਾ ਬੱਦਲ ਉਸ ਦਾ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਹੋਰ ਕਹਾਣੀ-ਸੰਗ੍ਰਹਿ – ਰਿਸ਼ਤਿਆਂ ਦੇ ਆਰ ਪਾਰ, ਰਾਤ ਬਰਾਤੇ ਅਤੇ ਮਹਿੰਦੀ ਬਾਜ਼ਾਰ – ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀ ਗਲਪ-ਚੇਤਨਾ ਸਮਕਾਲੀ ਸਮਾਜ-ਸੱਭਿਆਚਾਰ ਵਿਚ ਜਿਉਣ ਵਾਲੇ ਸੰਵੇਦਨਸ਼ੀਲ ਮਨੁੱਖ ਦੇ ਹੋਂਦ-ਮੁੱਖੀ ਸਰੋਕਾਰਾਂ ਦੇ ਆਲੇ ਦੁਆਲੇ ਘੁੰਮਦੀ ਹੈ। ਉਸਦਾ ਸਿਰਜਿਆ ਹੋਇਆ ਗਲਪ-ਸੰਸਾਰ ਪਰੰਪਰਕ ਅਤੇ ਸੰਸਥਾਗਤ ਰਿਸ਼ਤਿਆਂ ਦੇ ਚੱਕ੍ਰਵਿਊ ਤੋਂ ਪਾਰ ਵਸਦੇ ਨਿਰੋਲ ਮਾਨਵੀ ਸੰਬੰਧਾਂ ਅਤੇ ਸਰੋਕਾਰਾਂ ਦੀ ਵਾਸਤਵਿਕਤਾ ਨੂੰ ਫਰੋਲਦਾ ਹੈ। ਪਰ ਰਿਸ਼ਤਿਆਂ ਦੀ ਨਵੀਂ ਗ੍ਰਾਮਰ ਸਿਰਜਣ ਵਾਲੇ ਉਸ ਦੇ ਪਾਤਰ ਨਿਰੇ ਕਲਪਨਾਲੋਕ ਦੇ ਵਾਸੀ ਨਹੀਂ ਸਗੋਂ ਰੋਜ਼ਾਨਾ ਜੀਵਨ ਅਤੇ ਯਥਾਰਥ ਦੇ ਧਰਾਤਲ ਉੱਤੇ ਵਿਚਰਦੇ ਪ੍ਰਤੀਤ ਹੁੰਦੇ ਹਨ। ਦਲਬੀਰ ਚੇਤਨ ਸ਼ਬਦਾਂ ਨੂੰ ਗਲਪ ਦੀ ਸਿਰਜਨ-ਪ੍ਰਕਿਰਿਆ ਵਿਚ ਪਾ ਕੇ ਅਰਥਾਂ ਦਾ ਅਜਿਹਾ ਸੰਗਠਨ ਉਸਾਰਦਾ ਹੈ ਜੋ ਜੀਵੇ ਹੋਏ ਯਥਾਰਥ ਨੂੰ ਨਵੀਂ ਪਰਿਭਾਸ਼ਾ ਦੇਣ ਵਲ ਰੁਚਿਤ ਹੁੰਦਾ ਹੈ। ਉਹ ਆਪਣੀ ਵਿਲੱਖਣ ਕਥਾ-ਸ਼ੈਲੀ ਅਤੇ ਗਲਪੀ ਵਿਵੇਕ ਰਾਹੀਂ ਯਥਾਰਥ ਦਾ ਬਹੁ-ਪਰਿਪੇਖੀ ਦ੍ਰਿਸ਼ ਉਸਾਰਦਾ ਹੈ ਅਤੇ ਸੁਹਿਰਦ ਪਾਠਕ ਦੀ ਸੰਵੇਦਨਸ਼ੀਲਤਾ ਨੂੰ ਟੁੰਬਣ ਦਾ ਉਪਰਾਲਾ ਕਰਦਾ ਹੈ। ਪਰ ਉਸਦਾ ਸਿਰਜਿਤ ਬਿਰਤਾਂਤ ਪਾਠਕ ਨੂੰ ਨਿਰਾ ਭਾਵਿਤ ਜਾਂ ਪ੍ਰਭਾਵਿਤ ਨਹੀਂ ਕਰਦਾ ਸਗੋਂ ਉਸ ਦੇ ਮਨ ਵਿਚ ਯਥਾਰਥ ਦੀ ਵਾਸਤਵਿਕਤਾ ਬਾਰੇ ਨਵੀਂ ਚੇਤਨਾ ਵੀ ਜਗਾਉਂਦਾ ਹੈ।

ਇਥੇ ਸਾਡਾ ਸਰੋਕਾਰ ਦਲਬੀਰ ਚੇਤਨ ਦੇ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ ਖਾਰਾ ਬੱਦਲ ਦੇ ਅਧਿਐਨ ਤੇ ਵਿਸ਼ਲੇਸ਼ਣ ਨਾਲ ਹੈ। ਇਸ ਕਹਾਣੀ-ਸੰਗ੍ਰਹਿ ਵਿਚ ਸਮਕਾਲੀ ਜੀਵਨ ਦੇ ਅਨੁਭਵ ਅਤੇ ਬੋਧ ਨਾਲ ਸੰਬੰਧਿਤ ਉਸ ਦੀਆਂ ਨੌਂ ਕਹਾਣੀਆਂ ਸ਼ਾਮਿਲ ਹਨ। ਖਾਰਾ ਬੱਦਲ ਕਹਾਣੀ-ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖੀ-ਹੋਂਦ ਅਤੇ ਸਮਕਾਲੀ ਯਥਾਰਥ ਦੇ ਵਿਭਿੰਨ ਮਸਲਿਆਂ ਨੂੰ ਮੁਖ਼ਾਤਿਬ ਹਨ। ਕਿਧਰੇ ਦਲੇਰਾਨਾ ਬੇਬਾਕੀ ਨਾਲ ਅਤੇ ਕਿਧਰੇ ਸੂਖਮ ਤਰਲਤਾ ਨਾਲ। ਜਦੋਂ ਅਸੀਂ ਇਨ੍ਹਾਂ ਕਹਾਣੀਆਂ ਨੂੰ ਰਤਾ ਗਹੁ ਨਾਲ ਵਾਚਦੇ ਹਾਂ ਤਾਂ ਸੱਭ ਤੋਂ ਪਹਿਲਾਂ ਇਨ੍ਹਾਂ ਦੀ ਵਿਸ਼ੈਗਤ ਭਿੰਨਤਾ ਅਤੇ ਵੰਨ-ਸੁਵੰਨਤਾ ਸਾਡਾ ਧਿਆਨ ਆਕਰਸ਼ਿਤ ਕਰਦੀ ਹੈ। ਇਨ੍ਹਾਂ ਵਿਚ ਪੰਜਾਬੀਅਤ ਨਾਲ ਵਾਪਰੇ ਇਤਿਹਾਸਕ ਦੁਖਾਂਤ ਦੀ ਗਾਥਾ ਵੀ ਪ੍ਰਸਤੁਤ ਹੁੰਦੀ ਹੈ ਅਤੇ ਦੋਸਤੀ-ਸਨੇਹ, ਮੋਹ-ਮੁਹੱਬਤ ਤੇ ਸਿਦਕ-ਦਿਲੀ ਨਾਲ ਸਰਸ਼ਾਰ ਵਿਅਕਤੀਆਂ ਦੀ ਦਾਸਤਾਨ ਵੀ। ਇਥੇ ਅਮੋੜ, ਅਤ੍ਰਿਪਤ ਕਾਮਨਾਵਾਂ ਅਤੇ ਭਾਵੁਕ ਵਿਗੋਚਿਆਂ ਦੀ ਭਟਕਣ ਵੀ ਹੈ ਅਤੇ ਤਨ-ਮਨ ਨੂੰ ਤ੍ਰਿਪਤ ਕਰਨ ਵਾਲੇ, ਮਿਲਾਪ ਦੇ, ਵਿਸਮਾਦੀ ਛਿਣਾਂ ਦਾ ਸਰੋਦ ਵੀ। ਇਥੇ ਅਖੌਤੀ ਧਰਮ-ਗੁਰੂਆਂ ਦੇ ਭਰਮ-ਜਾਲ ਵਿਚ ਅਲੋਪ ਹੁੰਦੀ ਜਾ ਰਹੀ ਰੂਹਾਨੀਅਤ ਵੀ ਸਾਕਾਰ ਹੁੰਦੀ ਹੈ ਅਤੇ ਸੱਚ ਦੀ ਸਦੀਵੀ ਤਲਾਸ਼ ਵੀ। ਤਾਂ ਵੀ ਇਸ ਸੰਗ੍ਰਹਿ ਦੀ ਹਰ ਕਹਾਣੀ ਯਥਰਥ ਨੂੰ ਇੰਨ-ਬਿੰਨ ਪੇਸ਼ ਨਹੀਂ ਕਰਦੀ ਸਗੋਂ ਆਪਣੇ ਸਿਰਜਿਤ ਪ੍ਰਵਚਨ ਰਾਹੀਂ ਵਿਰਸੇ ਅਤੇ ਵਰਤਮਾਨ ਨਾਲ ਸੰਵਾਦ ਵੀ ਰਚਾਉਂਦੀ ਹੈ ਅਤੇ ਅਰਥ-ਸਾਰਥਕਤਾ ਦੇ ਨਵੇਂ ਆਯਾਮ ਸਿਰਜਦੀ ਹੈ। ਇਸ ਤਰ੍ਹਾਂ ਇਹ ਕਹਾਣੀਆਂ ਥੀਮਕ ਭਿੰਨਤਾ ਅਤੇ ਵੰਨ-ਸੁਵੰਨਤਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਨੂੰ ਕਿਸੇ ਇਕ-ਇਕਹਿਰੀ ਵਿਆਖਿਆ ਦੇ ਸੂਤਰ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਪਰ ਇਹ ਗੱਲ ਸਿਰਫ਼ ਦਲਬੀਰ ਚੇਤਨ ਦੇ ਇਸ ਕਹਾਣੀ-ਸੰਗ੍ਰਹਿ

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਉੱਤੇ ਹੀ ਨਹੀਂ ਸਗੋਂ ਹਰ ਤਰ੍ਹਾਂ ਦੀ ਕਥਾ-ਸਿਰਜਣਾ ਉੱਤੇ ਲਾਗੂ ਹੁੰਦੀ ਹੈ। ਅਸਲ ਵਿਚ ਜਿੱਥੇ ਹਰ ਕਹਾਣੀ ਦੀ ਆਪਣੀ ਵਿਲੱਖਣਤਾ ਤੇ ਆਪਣਾ ਗੌਰਵ ਹੁੰਦਾ ਹੈ, ਓਥੇ ਉਸ ਦੀ ਆਪਣੀ ਸੀਮਾ ਤੇ ਆਪਣੀ ਸੰਭਾਵਨਾ ਵੀ ਹੁੰਦੀ ਹੈ।

ਉਪਰੋਕਤ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਦਲਬੀਰ ਚੇਤਨ ਦੇ ਇਸ ਕਹਾਣੀ-ਸੰਗ੍ਰਹਿ ਦੀਆਂ ਕੁਝ ਚੋਣਵੀਆਂ ਤੇ ਮਹੱਤਵਪੂਰਨ ਕਹਣੀਆਂ ਦਾ ਅਧਿਐਨ ਕਰਨ ਦਾ ਜਤਨ ਕੀਤਾ ਹੈ। ਇਸ ਮੰਤਵ ਲਈ ਅਸੀਂ ਉਸ ਦੀਆਂ ਚਾਰ ਕਹਾਣੀਆਂ ਚੁਣੀਆਂ ਹਨ – ਪਾਲਕ ਦਾ ਬੂਟਾ, ਦਾਅਵੇਦਾਰ, ਦੀਵਾ ਬਾਲ ਸਖੀ ਅਤੇ ਵਗਦਾ ਪਾਣੀ। ਵਿਸ਼ੇਗਤ ਸਰੋਕਾਰਾਂ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਨੂੰ ਦੋ ਵਰਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ। ਪਹਿਲੇ ਵਰਗ ਵਿਚ ਪੰਜਾਬ ਦੇ ਸੰਕਟ ਅਤੇ ਸੰਤਾਪ ਨਾਲ ਸੰਬੰਧਿਤ ਕਹਾਣੀਆਂ ਪਾਲਕ ਦਾ ਬੂਟਾ, ਦਾਅਵੇਦਾਰ ) ਆਉਂਦੀਆਂ ਹਨ ਜਿਨ੍ਹਾਂ ਵਿਚ ਸਾਡੇ ਨਿਕਟ-ਸਮਕਾਲੀ ਇਤਿਹਾਸ ਦੀਆਂ ਘੋਰ ਤ੍ਰਾਸਦਿਕ ਘਟਨਾਵਾਂ ਦਾ ਬਿਰਤਾਂਤ ਉਸਾਰਿਆ ਗਿਆ ਹੈ। ਅਤੇ ਦੂਸਰੇ ਵਰਗ ਵਿਚ ਸਮਕਾਲੀ ਸਮਾਜ-ਸੱਭਿਆਚਾਰ ਦੇ ਪਰਿਵਰਤਨਸ਼ੀਲ ਯਥਾਰਥ ਨੂੰ ਮੂਰਤੀਮਾਨ ਕਰਨ ਵਾਲੀਆਂ ਕਹਾਣੀਆਂ ਆਉਂਦੀਆਂ ਹਨ – ਦੀਵਾ ਬਾਲ ਸਖੀ ਤੇ ਵਗਦਾ ਪਾਣੀ । ਸੱਭ ਤੋਂ ਪਹਿਲਾਂ ਪੰਜਾਬ ਦੇ ਸੰਕਟ ਅਤੇ ਸੰਤਾਪ ਨਾਲ ਸੰਬੰਧਿਤ ਕਹਾਣੀਆਂ ਬਾਰੇ ਗੱਲ ਕੀਤੀ ਜਾ ਸਕਦੀ ਹੈ। ਇਸ ਵਰਗ ਦੀ ਪਹਿਲੀ ਕਹਾਣੀ - ਪਾਲਕ ਦਾ ਬੂਟਾ – ਦਹਿਸ਼ਤਵਾਦੀ ਹਿੰਸਾ ਦੇ ਕਰੂਰ ਚਿਹਰੇ ਅਤੇ ਅਮਾਨਵੀ ਚਰਿਤਰ ਨੂੰ ਉਘਾੜਣ ਵਾਲੀ ਰਚਨਾ ਹੈ। ਵਿਸ਼ੈ-ਸੰਗਠਨ ਅਤੇ ਰਚਨਾ-ਜੁਗਤ, ਦੋਹਾਂ ਪੱਖਾਂ ਤੋਂ ਇਹ ਕਹਾਣੀ ਇਸ ਸੰਗ੍ਰਹਿ ਦੀ ਸਰਬੋਤਮ ਰਚਨਾ ਹੈ। ਇਸਨੂੰ ਸਹਿਜੇ ਹੀ ਸਮਕਾਲੀ ਪੰਜਾਬੀ / ਭਾਰਤੀ ਕਥਾ-ਸਾਹਿੱਤ ਦੀਆਂ ਬਿਹਤਰੀਨ ਰਚਨਾਵਾਂ ਦੀ ਸੂਚੀ ਵਿਚ ਰੱਖਿਆ ਜਾ ਸਕਦਾ ਹੈ। ਇਹ ਕਹਾਣੀ ਅਜੋਕੇ ਦੌਰ ਦੇ ਉਨ੍ਹਾਂ ਕਾਲੇ ਦਿਨਾਂ ਦਾ ਚੇਤਾ ਕਰਾਉਂਦੀ ਹੈ ਜਦੋਂ ਰਾਜਨੀਤੀ ਦੀਆਂ ਸ਼ਤਰੰਜੀ ਚਾਲਾਂ ਅਤੇ ਕੁਰਸੀ-ਯੁੱਧ ਦੇ ਹੱਥ-ਕੰਡਿਆਂ ਨੇ ਪੰਜਾਬ ਦੇ ਸ਼ਾਂਤ ਪਾਣੀਆਂ ਵਿਚ ਫ਼ਿਰਕੂ-ਜਨੂਨ ਦਾ ਜ਼ਹਿਰ ਘੋਲ ਦਿੱਤਾ ਸੀ। ਇਹ ਉਹ ਦੌਰ ਸੀ ਜਦੋਂ ਦੂਰ-ਦ੍ਰਿਸ਼ਟੀ ਤੋਂ ਸੱਖਣੇ ਸਿਆਸੀ ਆਗੂਆਂ ਨੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਮੂਲਵਾਦੀ ਤਾਕਤਾਂ ਨੂੰ ਉਕਸਾ ਕੇ ਪੰਜਾਬ ਦੀ ਸਦੀਆਂ ਪੁਰਾਣੀ ਭਾਈਚਾਰਕ ਸਾਂਝ ਨੂੰ ਤੋੜਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਬਦ-ਅਮਨੀ ਦੇ ਇਸ ਮਾਹੌਲ ਵਿਚ, ਕੁਰਾਹੇ ਪਈ ਜਵਾਨੀ, ਆਪਣੇ-ਪਰਾਏ ਦੀ ਤਮੀਜ਼ ਭੁੱਲ ਕੇ, ਤਰਕ-ਵਿਹੂਣੀ ਹਿੰਸਾ ਦੇ ਰਾਹ ਤੁਰ ਪਈ ਸੀ ਅਤੇ ਹਰ ਪਾਸੇ ਏ. ਕੇ ਸੰਤਾਲੀ ਦਾ ਬੋਲਬਾਲਾ ਸੀ। ਦਲਬੀਰ ਚੇਤਨ ਦੀ ਇਹ ਕਹਾਣੀ ਇਸੇ ਕਿਸਮ ਦੀ ਸਥਿਤੀ ਨੂੰ ਮੂਰਤੀਮਾਨ ਕਰਦੀ ਹੈ। ਇਹ ਕਹਾਣੀ ਆਤੰਕ ਦੇ ਚੱਕ੍ਰਵਿਊ ਵਿਚ ਘਿਰੇ ਹੋਏ ਬੰਦਿਆ ਦੀ ਸਥਿਤੀ ਅਤੇ ਮਾਨਸਿਕਤਾ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਬਿਰਤਾਂਤ ਦੇ ਫ਼ੋਕਸ ਵਿਚ ਦੋਸਤੀ, ਸਨੇਹ ਅਤੇ ਪਿਆਰ ਦੀਆਂ ਸੂਖਮ ਤੰਦਾਂ ਵਿਚ ਬੱਝੇ ਹੋਏ ਤਿੰਨ ਪਾਤਰਾਂ – ਜਗਤਾਰ, ਦਵਿੰਦਰ ਅਤੇ ਕੁਲਦੀਪ – ਨੂੰ ਰੱਖਿਆ ਗਿਆ ਹੈ। ਅਧਿਆਪਕ / ਸਹਿਯੋਗੀਆਂ ਦੀ ਇਹ ਤ੍ਰਿਕੜੀ ਪਿੰਡ ਵਿਚ ਰਾਤ-ਬਰਾਤੇ ਉਪਰੋਥਲੀ ਵਾਪਰ ਰਹੀਆਂ ਦਹਿਸ਼ਤ-ਗਰਦੀ ਦੀਆਂ ਘਟਨਾਵਾਂ ਵਿਚ ਘਿਰ ਜਾਂਦੀ ਹੈ। "ਇਕ ਦਿਨ ਤਰਕਾਲੀਂ ਜਿਹੀਂ ਕੁਝ ਬੰਦੂਕਧਾਰੀ ਜਗਤਾਰ ਦੀਆਂ ਮੁਸ਼ਕਾਂ ਬੰਨ੍ਹ ਕੇ ਪਿੰਡ ਲੈ ਆਏ" ਉਨ੍ਹਾਂ ਦੇ ਆਗੂ ਨੇ ਗੁਰਦੁਆਰੇ ਦੇ ਸਪੀਕਰਾਂ ਉੱਤੇ ਐਲਾਨ ਕਰ ਦਿੱਤਾ ਕਿ – "ਜਗਤਾਰ ਸਿੰਘ ਸਾਡਾ ਦੋਸ਼ੀ ਹੈ। ਜੇ ਕਿਸੇ ਨੇ ਇਸਦੀ ਹਿਮੈਤ ਵਿਚ ਕੋਈ ਸੱਚਾਈ ਜਾਂ ਸਬੂਤ ਪੇਸ਼ ਕਰਨਾ ਹੈ ਤਾਂ ਸਾਹਮਣੇ ਆਵੇ ਨਹੀਂ ਤਾਂ ਹੁਣ ਤੋਂ ਦਸਾਂ ਮਿੰਟਾਂ ਬਾਅਦ … ਇਸਦੀ ਲਾਸ਼ ਪਈ ਹੋਵੇਗੀ।" ( ਪੰਨਾ, 16.)

ਪਿੰਡ ਦਾ ਕੋਈ ਵੀ ਬੰਦਾ ਇਨ੍ਹਾਂ ਖ਼ੂੰਖਾਰ ਆਤੰਕਵਾਦੀਆਂ ਦਾ ਸਾਮ੍ਹਣਾ ਕਰਨ ਦੀ ਜੁਰੱਤ ਨਹੀਂ ਕਰ ਸਕਦਾ। ਸਿਰਫ਼ ਕੁਲਦੀਪ ਅਤੇ ਜਗਤਾਰ ਦੀ ਮਾਂ ਹੌਸਲਾ ਕਰਕੇ ਅੱਗੇ ਆਉਂਦੇ ਹਨ। ਪਰ ਨਾਂ ਤਾਂ ਕੁਲਦੀਪ ਵਲੋਂ ਆਪਣੇ ਦੋਸਤ ਬਾਰੇ ਦਿੱਤੀ ਸਫ਼ਾਈ ਸਾ ਕੋਈ ਅਸਰ ਹੁੰਦਾ ਹੈ ਅਤੇ ਨਾਂ ਹੀ ਮਾਂ ਦੀਆਂ ਅਰਜ਼ੋਈਆਂ ਦਾ। ਦਸ਼ਿਤਗਰਦ ਜਗਤਾਰ ਨੂੰ ਗੋਲੀ ਮਾਰ ਦਿੰਦੇ ਹਨ ਅਤੇ ਪੁੱਤਰ ਨੂੰ ਬਚਾਉਂਦੀ ਮਾਂ ਵੀ ਏ ਕੇ ਸੰਤਾਲੀ ਦੇ ਬਰਸਟ ਸਾਮ੍ਹਣੇ ਆ ਜਾਂਦੀ ਹੈ। ਇਸ ਭਿਆਨਕ ਕਾਰੇ ਤੋਂ ਬਾਦ ਖਾੜਕੂਆਂ ਦਾ ਆਗੂ ਕੁਲਦੀਪ ਦੀ ਜਾਨਬਖ਼ਸ਼ੀ ਦੇ ਇਵਜ਼ ਵਿਚ ਦਵਿੰਦਰ ਦਾ ਬਲਾਤਕਾਰ ਕਰਦਾ ਹੈ। ਕੁਲਦੀਪ ਇਸ ਸਮੁੱਚੇ ਜ਼ਾਲਮਾਨਾ ਘਟਨਾਕ੍ਰਮ ਵਿਚੋਂ ਗੁਜ਼ਰਦਾ

ਹੋਇਆ ਕਰੁਣਾ, ਵਿਸ਼ਾਦ, ਗਿਲਾਣੀ, ਤਰਸ ਅਤੇ ਰੋਹ ਦੇ ਮਿਲੇ-ਜੁਲੇ ਭਾਵਾਂ ਵਿਚੋਂ ਲੰਘਦਾ ਹੈ। ਉਸਦੀ ਸਥਿਤੀ ਨਾਇਕ-ਅਨਾਇਕ ਦੀ ਸੀਮਾਰੇਖਾ ਉੱਤੇ ਵਿਚਰਦੀ ਹੈ। ਉਸਦੀ ਵਿਚਾਰਧਾਰਾਈ ਪ੍ਰਤਿਬੱਧਤਾ, ਦੋਸਤੀ ਅਤੇ ਸਨੇਹ ਦੀ ਭਾਵਨਾ ਉਸ ਨੂੰ ਰੋਹ ਨਾਲ ਭਰ ਦਿੰਦੀ ਹੈ ਪਰ ਉਹ ਏ ਕੇ ਸੰਤਾਲੀ ਦੇ ਤਾਨਾਸ਼ਾਹੀ ਹੁਕਮ ਦੀ ਅਵੱਗਿਆ ਕਰਨ ਦਾ ਹੌਸਲਾ ਨਹੀਂ ਜੁਟਾ ਪਾਉਂਦਾ। ਲੇਖਕ ਨੇ ਕਹਾਣੀ ਦੇ ਸਮੁੱਚੇ ਬਿਰਤਾਂਤ ਨੂੰ ਕੁਲਦੀਪ ਪਾਤਰ ਦੇ ਦ੍ਰਿਸ਼ਟੀ-ਬਿੰਦੂ ਤੋਂ ਸੰਗਠਿਤ ਕੀਤਾ ਹੈ ਅਤੇ ਉਸਨੂੰ ਪੰਜਾਬ ਦੀ ਤਤਕਾਲੀਨ ਸਥਿਤੀ ਦਾ ਪ੍ਰਤੀਕ ਬਣਾ ਦਿੱਤਾ ਹੈ। ਕਹਾਣੀ ਦੇ ਅੰਤ ਉੱਤੇ ਬਿੱਛੂ-ਬੂਟੀ ਅਤੇ ਪਾਲਕ ਦਾ ਮੈਟਾਫਰ, ਅਮਾਨਵੀ ਅਤਿਆਚਾਰ ਅਤੇ ਤਰਕਹੀਣ ਹਿੰਸਾ ਦਾ ਸੰਤਾਪ ਹੰਢਾਉਣ ਵਾਲਿਆਂ ਲਈ ਰਾਹਤ ਦਾ ਪ੍ਰਤੀਕ ਹੋ ਨਿਬੜਦਾ ਹੈ। ਆਤੰਕ ਦੀ ਬਿੱਛੂ-ਬੂਟੀ ਦਾ ਜ਼ਹਿਰ ਹਮਦਰਦੀ ਸਦਭਾਵਨਾ ਅਤੇ ਸਨੇਹ ਦੀ ਪਾਲਕ-ਬੂਟੀ ਮਲਿਆਂ ਹੀ ਉੱਤਰ ਸਕਦਾ ਹੈ। ਇਉਂ ਇਸ ਕਹਾਣੀ ਦਾ ਸਿਰਜਿਤ ਪ੍ਰਵਚਨ ਜੇ ਇਕ ਪਾਸੇ ਮੂਲਵਾਦੀ ਫ਼ਿਰਕੂ ਸਿਆਸਤ ਦੇ ਤਾਨਾਸ਼ਾਹੀ ਤੰਤਰ (ਦਹਿਸ਼ਤ, ਦਮਨ ਅਤੇ ਹਿੰਸਾ) ਦਾ ਮਾਨਵ-ਦੋਖੀ ਚਿਹਰਾ ਉਘਾੜਦਾ ਹੈ ਤਾਂ ਦੂਜੇ ਪਾਸੇ ਇਹ ਇਨਸਾਨ-ਦੋਸਤੀ ਦੀ ਰੂਪਾਂਤਰਕਾਰੀ ਸ਼ਕਤੀ ਵਿਚ ਵਿਸ਼ਵਾਸ਼ ਵੀ ਜਗਾਉਂਦਾ ਹੈ।

ਇਸੇ ਵਰਗ ਦੀ ਦੂਸਰੀ ਕਹਾਣੀ ਹੈ - ਦਾਅਵੇਦਾਰ - ਜਿਸਦਾ ਘਟਨਾ-ਕਾਲ 1947 ਦੀ ਦੇਸ਼-ਵੰਡ ਦੇ ਦੁਖਾਂਤ ਨਾਲ ਸੰਬੰਧਿਤ ਹੈ। ਦੇਖਣ ਨੂੰ ਭਾਵੇਂ ਇਸ ਕਹਾਣੀ ਦੇ ਬਿਰਤਾਂਤਕ ਕੇਂਦਰ ਵਿਚ ਵੀ ਹਿੰਸਾ ਦੀ ਘਟਨਾ ਹੀ ਪੇਸ਼ ਹੁੰਦੀ ਹੈ ਪਰ ਦੋਹਾਂ ਕਹਾਣੀਆਂ ਦਾ ਵਿਚਾਰਧਾਰਾਈ ਸੰਦਰਭ ਵੱਖੋ-ਵੱਖਰਾ ਹੈ। ਇਥੇ ਹਿੰਸਾ ਦਾ ਚਿਹਰਾ ਅਤਿਆਚਾਰੀ ਨਹੀਂ ਸਗੋਂ ਰੱਖਿਆਕਾਰੀ ਹੈ। ਕਹਾਣੀ ਦਾ ਮੁੱਖ-ਪਾਤਰ ਆਪਣੇ ਪੁੱਤਰਾਂ ਵਿਚਕਾਰ ਆਪਣੀ ਜ਼ਮੀਨ ਜਾਇਦਾਦ ਵੰਡਣ ਸਮੇਂ ਉਨ੍ਹਾਂ ਵਿਚੋਂ ਕਿਸੇ ਇਕ ਨੂੰ (ਜੱਦੀ ਵਿਰਾਸਤ ਵਜੋਂ ਮਿਲੀ ਹੋਈ) ਆਪਣੀ ਤਲਵਾਰ ਵੀ ਸੌਂਪਣਾ ਚਾਹੁੰਦਾ ਹੈ। ਪਰਿਵਾਰਕ ਮਾਨ-ਮਰਿਆਦਾ ਦੀ ਰਾਖੀ ਕਰਨ ਵਾਲੀ ਇਹ ਤਲਵਾਰ ਛੇ ਖ਼ੂਨ ਕਰਕੇ ਛੇ ਮਿਆਨ ਬਦਲ ਚੁੱਕੀ ਹੈ ਪਰ ਇਸ ਨੇ ਇਕ ਸੱਤਵਾਂ ਖ਼ੂਨ ਵੀ ਕੀਤਾ ਹੈ ਜੋ ਦੇਸ਼-ਵੰਡ ਵੇਲੇ ਦੇ ਫ਼ਿਰਕੂ ਝੱਖੜ ਦੌਰਾਨ ਇਕ ਮਜ਼ਲੂਮ ਔਰਤ ਦੀ ਇਜ਼ੱਤ-ਆਬਰੂ ਬਚਾਉਣ ਲਈ ਕੀਤਾ ਗਿਆ ਸੀ । ਇਕ ਮੁਸਲਿਮ ਪਰਿਵਾਰ ਨੂੰ ਮੌਤ ਦੇ ਘਾਟ ਉਤਾਰ ਕੇ ਉਨ੍ਹਾਂ ਦੀ ਮੁਟਿਆਰ ਧੀ ਨਾਲ ਬਲਾਤਕਾਰ ਕਰਨ ਜਾ ਰਹੇ ਆਪਣੇ ਸਕੇ ਤਾਏ ਦੇ ਪੁੱਤਰ ਦਾ ਕਤਲ ਕਰਨ ਵਾਲੇ ਇਸ ਬਜ਼ੁਰਗ ਮੁੱਖੀ ਨੂੰ ਆਪਣੇ ਕੀਤੇ ਉੱਤੇ ਕੋਈ ਪਛਤਾਵਾ ਨਹੀਂ । ਸਗੋਂ ਉਹ ਤਾਂ ਰੱਖਿਆਕਾਰੀ ਹਿੰਸਾ ਦੀ ਇਸੇ ਵਿਰਾਸਤ ਦੀ ਸੌਂਪਣੀ ਆਪਣੇ ਪੁੱਤਰਾਂ ਨੂੰ ਕਰਨੀ ਲੋਚਦਾ ਹੈ। ਇਸ ਤਰ੍ਹਾਂ ਇਨ੍ਹਾਂ ਦੋਹਾਂ ਕਹਾਣੀਆਂ ਦਾ ਸਿਰਜਿਤ ਪ੍ਰਵਚਨ ਅੱਤਿਅਚਾਰੀ ਹਿੰਸਾ ਅਤੇ ਰੱਖਿਆਕਾਰੀ ਹਿੰਸਾ ਵਿਚਕਾਰ ਨਿਖੇੜਾ ਥਾਪਦਾ ਹੋਇਆ ਮਾਨਵਵਾਦੀ ਕਦਰਾਂ-ਕੀਮਤਾਂ ਦੇ ਗੌਰਵ ਨੂੰ ਸਥਾਪਿਤ ਕਰਦਾ ਹੈ ਜੋ ਪੰਜਾਬੀ ਸੱਭਿਆਚਾਰ ਦੀ ਵਿਚਾਰਧਾਰਾਈ ਵਿਰਾਸਤ ਦਾ ਪਛਾਣ-ਚਿੰਨ੍ਹ ਹੈ। ਇਹ ਕਹਾਣੀ ਲੋਕ-ਕਥਾ ਦੀ ਰਚਨਾ-ਜੁਗਤ ਰਾਹੀਂ ਸਿਰਜੀ ਗਈ ਹੈ। ਮਰਨ ਕੰਢੇ ਪਹੁੰਚਿਆ ਹੋਇਆ ਬਜ਼ੁਰਗ ਆਪਣੇ ਪੁੱਤਰਾਂ ਨੂੰ ਆਪਣੀ ਜੱਦੀ ਜਾਇਦਾਦ ਦੀ ਸੱਭ ਤੋਂ ਕੀਮਤੀ ਸ਼ੈਅ ਦੇਣਾ ਚਾਹੁੰਦਾ ਹੈ ਪਰ ਓਸੇ ਨੂੰ, ਜਿਹੜਾ ਹੱਕੀ ਤੌਰ ਤੇ ਇਸ ਨੂੰ ਗ੍ਰਹਿਣ ਕਰਨ ਦਾ ਅਧਿਕਾਰੀ ਵੀ ਹੋਵੇ। ਲੋਕ-ਸੂਝ ਰਾਹੀਂ ਸੰਚਿਤ ਗਿਆਨ ਨੂੰ ਵਰਤਮਾਨ ਦੀ ਨਿਰੰਤਰਤਾ ਵਿਚ ਪ੍ਰਵਾਹਿਤ ਕਨ ਲਈ ਅਤੇ ਨਵੀਂ ਪੀੜ੍ਹੀ ਨੂੰ ਵਿਰਸੇ ਦੀਆਂ ਬਿਹਤਰੀਨ ਕਦਰਾਂ-ਕੀਮਤਾਂ ਦਾ ਪਾਠ ਪੜ੍ਹਾਉਣ ਲਈ ਹਰ ਮਨੁੱਖੀ ਭਾਈਚਾਰਾ ਚੇਤ-ਅਚੇਤੀ ਇਸੇ ਕਿਸਮ ਦੀਆਂ ਸੰਚਾਰ-ਜੁਗਤਾਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਇਹ ਕਹਾਣੀ ਪੰਜਾਬੀਆਂ ਦੇ ਸੱਭਿਆਚਾਰਕ ਅਵਚੇਤਨ ਵਿਚ ਵਸੀ ਹੋਈ ਲੋਕ-ਰੂੜ੍ਹੀ ਦਾ ਸਾਹਿੱਤਕ ਰੂਪਾਂਤਰਣ ਕਰਣ ਵਲ ਰੁਚਿਤ ਹੁੰਦੀ ਹੈ ਅਤੇ ਵਿਰਸੇ ਨੂੰ ਵਰਤਮਾਨ ਵਿਚ ਪ੍ਰਾਸੰਗਿਕ ਬਣਾਉਣ ਦਾ ਉਪਰਾਲਾ ਕਰਦੀ ਹੈ।

**ਦੀਵਾ ਬਾਲ ਸਖੀ** ਅਤੇ **ਵਗਦਾ ਪਾਣੀ** ਇਸ ਸੰਗ੍ਰਹਿ ਵਿਚਲੀਆਂ ਦੂਸਰੇ ਵਰਗ ਦੀਆਂ ਮਹੱਤਵ-ਪੂਰਣ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਦਾ ਗਲਪੀ ਪੈਰਾਡਾਈਮ ਇਸਤਰੀ-ਪੁਰਖ ਸੰਬੰਧਾਂ ਦੀ ਪਰਿਕਰਮਾ ਕਰਦਾ ਹੈ ਅਤੇ ਸਮਕਾਲੀ ਯਥਾਰਥ ਵਿਚ ਮਨੁੱਖੀ ਰਿਸ਼ਤਿਆਂ ਦੇ ਬਦਲ ਰਹੇ ਸਮੀਕਰਣਾਂ ਨੂੰ ਮੂਰਤੀਮਾਨ ਕਰਨ ਵਲ ਰੁਚਿਤ ਹੁੰਦਾ ਹੈ। ਇਥੇ ਸੰਸਥਾ ਅਤੇ ਮਰਿਆਦਾ ਦਾ

ਦਮਨਕਾਰੀ ਸੰਜਮ ਵੀ ਹੈ ਅਤੇ ਕਾਮਨਾ ਦੇ ਸਹਿਜ ਵੇਗ ਵਿਚ ਠਿਲ੍ਹਣ ਦੀ ਰੋਮਾਨੀ ਲੋਚਾ ਵੀ। ਇਥੇ ਅਣਚਾਹੇ ਰਿਸ਼ਤਿਆ ਦੀ ਘੁਟਨ ਵੀ ਹੈ ਅਤੇ ਮਨਚਾਹੇ ਰਿਸ਼ਤਿਆ ਦੀ ਖੁਲ੍ਹ ਮਾਣਨ ਦੀ ਸੁਪਨਮਈ ਆਕਾਂਖਿਆ ਵੀ। ਇਨ੍ਹਾਂ ਕਹਾਣੀਆਂ ਵਿਚਲੇ ਪਾਤਰ ਵਰਜਿਤ-ਅਵਰਜਿਤ ਰਿਸ਼ਤਿਆਂ ਦੀ ਸੀਮਾ-ਰੇਖਾ ਉੱਤੇ ਵਿਚਰਦੇ ਹਨ ਅਤੇ ਪਰੰਪਰਕ ਨੈਤਿਕਤਾ ਅਤੇ ਮਰਿਆਦਾ ਦੇ ਮਸਨੂਈ ਖੋਲ਼ ਵਿਚੋਂ ਨਿਕਲ ਕੇ ਮੁਹੱਬਤ ਦੀ ਪਾਕੀਜ਼ਗੀ ਦਾ ਵਿਸਮਾਦੀ ਰੰਗ ਮਾਣਨਾ ਚਾਹੁੰਦੇ ਹਨ। ਜ਼ਾਹਰ ਹੈ ਕਿ ਅਜਿਹਾ ਵਰਤੋਂ ਵਿਹਾਰ ਵਰਤਮਾਨ ਸਾਮਾਜਿਕ ਵਿਵਸਥਾ ਦੇ ਪ੍ਰਚੱਲਤ ਮੁੱਲ-ਪ੍ਰਬੰਧਾਂ ਦੀ ਪ੍ਰਵਾਨਗੀ ਦੇ ਦਾਇਰੇ ਵਿਚ ਨਹੀਂ ਆਉਂਦਾ। ਇਸੇ ਲਈ ਇਨ੍ਹਾਂ ਕਹਾਣੀਆਂ ਦੇ ਪਾਤਰ ਪਰੰਪਰਾ ਅਤੇ ਆਧੁਨਿਕਤਾ ਦੇ ਤਣਾਉ ਵਿਚ ਵਿਚਰਦੇ ਹੋਏ ਸਮੇਂ-ਸਥਾਨ ਦੇ ਰੋਮਾਨੀ ਜਜ਼ੀਰਿਆਂ ਦੀ ਤਲਾਸ਼ ਕਰਦੇ ਹਨ ਅਤੇ ਸਪੁਨਿਆ ਦੀ ਪੂਰਤੀ ਲੋਚਦੇ ਹਨ। ਇਸ ਤਰ੍ਹਾਂ ਇਹ ਕਹਾਣੀਆਂ ਸਮਕਾਲੀ ਯਥਾਰਥ ਦੇ ਪਰਿਵਰਤਨਸ਼ੀਲ ਮਾਹੌਲ ਦਾ ਬਿਰਤਾਂਤ ਉਸਾਰਦੀਆਂ ਹਨ। ਦੀਵਾ ਬਲ ਸਖੀ ਕਹਾਣੀ ਦੋ ਨਾਰੀ ਪਾਤਰਾਂ ਦੀ ਸਥਿਤੀ ਅਤੇ ਮਾਨਸਿਕਤਾ ਦਾ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਰਤਨਾ ਅਤੇ ਗੁੱਡ ਮੱਧਵਰਗੀ ਪਰਿਵਾਰ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਹਨ ਅਤੇ ਅੰਤਰੰਗ ਸਹੇਲੀਆਂ ਹਨ। ਦੋਵੇਂ ਅਸਫਲ ਵਿਆਹ-ਸੰਬੰਧਾਂ ਦਾ ਸੰਤਾਪ ਹੰਢਾ ਚੁੱਕੀਆਂ ਹਨ ਪਰ ਦੋਹਾਂ ਦੀ ਜੀਵਨ-ਵਿਧੀ ਇਕ ਦੂਸਰੇ ਨਾਲੋਂ ਵੱਖਰੀ ਹੈ। ਕਹਾਣੀ ਦੀ ਟੈਕਸਟ ਵਿਚ ਇਨ੍ਹਾਂ ਦੇ ਥੋੜ-ਚਿਰੇ ਵਿਆਹੁਤਾ ਜੀਵਨ ਦਾ ਸਾਰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ –

"ਇਹ ਵੀ ਸਿਤਮਗਰੀ ਇਤਫ਼ਾਕ ਸੀ ਕਿ ਪੰਝੀਆਂ ਸਾਲਾਂ ਚ ਪਿਆਰ ਵਿਆਹ ਕਰਵਾ ਕੇ ਡਾਕਟਰ ਰਤਨਾ ਸਤਾਈਵੇਂ ਸਾਲ ਚ ਤਲਾਕਸ਼ੁਦਾ ਔਰਤ ਵੀ ਬਣ ਗਈ । ਤੇ ਇੱਕੀਆਂ ਸਾਲਾਂ ਦੀ ਵਿਆਹੀ ਗੁੱਡ, ਦੋ ਬੱਚੇ ਪੈਦਾ ਕਰਕੇ, ਇਸੇ ਹੀ ਉਮਰੇ ਸਿਰ ਉੱਤੇ ਛੱਤ ਹੁੰਦਿਆ ਵੀ, ਛੱਤ ਦੀਆਂ ਵੰਡੀਆਂ ਪਾ ਕੇ ਵੱਖਰੀ ਰਹਿਣ ਲੱਗ ਪਈ।" ( ਪੰਨਾ, 92. )

ਰਤਨਾ ਆਪਣੇ ਪਤੀ ਦੀ ਰਵਾਇਤੀ ਪੁਰਖ-ਹਉਮੈ ਨੂੰ ਨਾ ਸਹਾਰਦੀ ਹੋਈ ਮਨਮਰਜ਼ੀ ਨਾਲ ਜੋੜੇ ਰਿਸ਼ਤੇ ਦਾ ਵੀ ਤਿਆਗ ਕਰ ਦਿੰਦੀ ਹੈ ਅਤੇ ਕਾਮਨਾ ਦੀ ਪਲਾਂ-ਛਿਣਾਂ ਦੀ ਤ੍ਰਿਪਤੀ ਦੇ ਰਾਹ ਤੁਰ ਪੈਂਦੀ ਹੈ। ਉਸ ਦੀ ਜਵਿਨ-ਵਿਧੀ ਆਧੁਨਿਕ-ਚੇਤਨਾ ਦੇ ਪ੍ਰਭਾਵ ਅਧੀਨ ਵਿਅਕਤੀਵਾਦੀ ਸੋਚ ਦੀ ਧਾਰਨੀ ਬਣ ਜਾਂਦੀ ਹੈ ਅਤੇ ਉਹ ਬੰਧਨ-ਮੁਕਤ ਹੋ ਕੇ ਜਿਉਣਾ ਲੋਚਦੀ ਹੈ। ਇਸੇ ਵਿਚ ਉਸ ਨੂੰ ਆਪਣੀ ਸ਼ਖ਼ਸੀ ਆਜ਼ਾਦੀ ਜਾਂ ਨਿਜਾਤ ਦਾ ਰਾਹ ਨਜ਼ਰ ਆਉਂਦਾ ਹੈ। ਰਤਨਾ ਤੋਂ ਉਲਟ ਗੁੱਡ ਮਾਪਿਆਂ ਦੀ ਮਰਜ਼ੀ ਨਾਲ ਜੋੜੇ ਵਿਆਹ-ਬੰਧਨ ਦੀ ਅਸਫਲਤਾ ਦਾ ਸੰਤਾਪ ਹੰਢਾਉਂਦੀ ਹੈ। ਉਹ ਕਾਮਨਾ ਦੀ ਭਟਕਣ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਕਰੜੇ ਸਵੈ-ਸੰਜਮ, ਸਮਾਜ-ਸੇਵਾ, ਧਾਰਮਿਕਤਾ ਅਤੇ ਮਸਨੂਈ ਢੰਗ-ਤਰੀਕਿਆ ਦਾ ਸਹਾਰਾ ਲੈਂਦੀ ਹੈ। ਪਰ ਉਹ ਕਾਮਨਾ ਦੇ ਅਮੋੜ ਪ੍ਰਵਾਹ ਨੂੰ ਸਦਾ ਲਈ ਕੁਚਲ ਨਹੀਂ ਸਕਦੀ । ਅਚਾਨਕ ਉਸ ਨੂੰ ਜੋਗੇ ਦੇ ਰੂਪ ਵਿਚ, ਤਨੋਂ-ਮਨੋਂ ਚਾਹੁਣ ਵਾਲਾ ਮਹਿਬੂਬ ਮਿਲ ਜਾਂਦਾ ਹੈ ਅਤੇ ਉਹ ਮੁਹੱਬਤ ਦੇ ਵੇਗ ਵਿਚ ਠਿਲ੍ਹਣ ਲਈ ਬਿਹਬਲ ਹੋ ਉਠਦੀ ਹੈ। ਇਸੇ ਤਰ੍ਹਾਂ ਵਗਦਾ ਪਾਣੀ ਕਹਾਣੀ ਵਿਚ ਵੀ ਆਧੁਨਿਕ ਚੇਤਨਾ ਅਤੇ ਸੰਵੇਦਨਾ ਦੇ ਮਾਹੌਲ ਦੀ ਉਸਾਰੀ ਕੀਤੀ ਗਈ ਹੈ। ਇਸ ਵਿਚ ਵੀ ਮੁਹੱਬਤ ਅਤੇ ਸੈਕਸ ਬਾਰੇ ਦੋ ਤਰ੍ਹਾਂ ਦਾ ਨਜ਼ਰੀਆ ਰੱਖਣ ਵਾਲੇ ਪਾਤਰਾਂ ਦੀ ਸਥਿਤੀ ਅਤੇ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਪਾਲੀ ਦਾ ਪਾਤਰ ਵੀ ਰਤਨਾ ਵਾਂਗ ਮੁਹੱਬਤ ਅਤੇ ਸੈਕਸ ਵਿਚਕਾਰ ਕੋਈ ਨਿਖੇੜਾ ਨਹੀਂ ਕਰਨਾ ਚਾਹੁੰਦਾ ਅਤੇ ਨਿਰੋਲ ਕਾਮਨਾ-ਪੂਰਤੀ ਦੇ ਨਿਤ-ਨਵੇਂ ਪ੍ਰਯੋਗ ਕਰਨ ਵਲ ਰੁਚਿਤ ਹੁੰਦਾ ਹੈ। ਉਸ ਦੀ ਇਹ ਭਟਕਣ ਵਿਸ਼ਾਦ ਪੈਦਾ ਕਰਨ ਵਾਲੀ ਹੈ। ਪਾਲੀ ਤੋਂ ਉਲਟ ਮੀਤਾ ਅਤੇ ਮਿੰਡਾ ਦੇ ਪਾਤਰ ਮੁਹੱਬਤੀ ਛਿਣਾਂ ਦੇ ਵਿਸਮਾਦ ਵਿਚੋਂ ਤਨ-ਮਨ ਦੀ ਤ੍ਰਿਪਤੀ ਲੋਚਦੇ ਹਨ। ਉਨ੍ਹਾਂ ਦੇ ਦੋਸਤੀ ਵਰਗੇ ਪਿਆਰ-ਸੰਬੰਧਾਂ ਵਿਚ ਵਰਜਿਤ ਰਿਸ਼ਤੇ ਦੀ ਨਮੋਸ਼ੀ ਨਹੀਂ ਸਗੋਂ ਪ੍ਰਤਿਬੱਧਤਾ, ਸੱਚ ਅਤੇ ਸਿਦਕ ਦੀ ਹਕ਼ੀਕਤ ਝਲਕਦੀ ਹੈ।

ਇਨ੍ਹਾਂ ਦੋਹਾਂ ਕਹਾਣੀਆਂ ਵਿਚ ਸੰਵਾਦ ਦੀ ਜੁਗਤ ਵਰਤੀ ਗਈ ਹੈ ਜੋ ਇਨ੍ਹਾਂ ਦੇ ਸਿਰਜਿਤ ਸੰਸਾਰ ਨੂੰ ਚੇਤਨਾ ਅਤੇ ਸੰਵੇਦਨਾ ਦੇ ਬਹੁ-ਪਰਿਪੇਖੀ ਦ੍ਰਿਸ਼ ਵਿਚ ਤਬਦੀਲ ਕਰ ਦਿੰਦੀ ਹੈ। ਇਹ ਕਹਾਣੀਆਂ ਵਰਤਮਾਨ ਸਾਮਾਜਿਕ ਵਿਵਸਥਾ ਅਤੇ ਪ੍ਰਚੱਲਤ ਵਿਆਹ-

ਪ੍ਰਥਾ ਦਾ ਵਿਸ਼ਲੇਸ਼ਣ ਪੇਸ਼ ਕਰਦੀਆਂ ਹਨ ਅਤੇ ਉਸ ਦੇ ਅੰਤਰਵਿਰੋਧਾਂ ਨੂੰ ਮੂਰਤੀਮਾਨ ਕਰਦੀਆਂ ਹਨ। ਇਸ ਤੋਂ ਇਲਾਵਾ ਇਹ ਮੂਲ-ਮਾਨਵੀ ਸਰੋਕਾਰ ਦੇ ਰੂਪ ਵਿਚ ਬੇਗ਼ਰਜ਼ ਮੁਹੱਬਤ ਦੀ ਪਾਕੀਜ਼ਗੀ ਦਾ ਪ੍ਰਵਚਨ ਸਿਰਜਦੀਆਂ ਹਨ। ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਦਲਬੀਰ ਚੇਤਨ ਦਾ ਇਹ ਕਹਾਣੀ ਸੰਗ੍ਰਹਿ ਜਿੱਥੇ ਵਿਰਸੇ ਦੀਆਂ ਗੌਰਵਮਈ ਕਦਰਾਂ-ਕੀਮਤਾਂ ਦੀ ਰੌਸ਼ਨੀ ਵਿਚ ਨਿਕਟ-ਸਮਕਾਲੀ ਇਤਿਹਾਸ ਨੂੰ ਸੰਬੋਧਿਤ ਹੁੰਦਾ ਹੈ ਓਥੇ ਵਰਤਮਾਨ ਸਾਮਾਜਿਕ ਵਿਵਸਥਾ ਵਿਚ ਪ੍ਰਚੱਲਤ ਪਰੰਪਰਕ ਨੈਤਿਕਤਾ ਅਤੇ ਮਰਿਆਦਾ ਦੇ ਵਿਗਠਨ ਨੂੰ ਵੀ ਮੂਰਤੀਮਾਨ ਕਰਦਾ ਹੈ। ਇਸ ਤਰ੍ਹਾਂ ਇਹ ਕਹਾਣੀਆਂ ਵਿਰਸੇ ਦਾ ਵਰਤਮਾਨ ਨਾਲ ਸੰਵਾਦ ਰਚਾਉਂਦੀਆਂ ਹਨ ਅਤੇ ਗਲਪ ਦੀ ਵਾਸਤਵਿਕਤਾ ਦਾ ਤਿੱਖਾ ਅਹਿਸਾਸ ਜਗਾਉਂਦੀਆਂ ਹਨ।